# मैं आवां जावां तेरे करके

ਮੇਰਾ ਕੰਮ ਨੀ ਪਹਾੜਾਂ ਵਿੱਚ ਕੋਈ ॥,
ਮੈਂ ਆਵਾਂ ਜਾਵਾਂ ਤੇਰੇ ਕਰਕੇ ॥
ਤੇਰੀ ਕਿਰਪਾ ॥। ਬੜੀ ਹੈ ਹੋਈ,
ਮੈਂ ਆਵਾਂ ਜਾਵਾਂ ਤੇਰੇ ਕਰਕੇ ॥
ਮੇਰਾ ਕੰਮ ਨੀ ਪਹਾੜਾਂ,,,,,,,,,,,,,,,,,,,,

ਕਠਿਨ ਕਠੋਰ, ਤੇਰੇ ਰਸਤੇ ਸੀ ਦਾਤੀਏ ।
ਲੋਕੀਂ ਤਾਹਨੇ ਮਾਰਦੇ ਸੀ, ਹੱਸਦੇ ਸੀ ਦਾਤੀਏ ॥
ਕੋਈ ਗੱਲ ਵੀ ਨਾ ॥। ਤੇਰੇ ਤੋਂ ਲੁਕੋਈ,
ਮੈਂ ਆਵਾਂ ਜਾਵਾਂ ਤੇਰੇ ਕਰਕੇ,,,
ਮੇਰਾ ਕੰਮ ਨੀ ਪਹਾੜਾਂ,,,,,,,,,,,,,,,,,,,,F

ਤੇਰੇ ਦਰ ਦੀਆਂ ਮਾਂਏਂ, ਰੌਣਕਾਂ ਨੇ ਪਿਆਰੀਆਂ ।
ਏਥੋਂ ਹੀ ਤਾਂ ਮਿਲਦੀਆਂ ਨੇ, ਰਹਿਮਤਾਂ ਨਿਆਰੀਆਂ ॥
ਜਾਗ ਪੈਂਦੀ ਏਥੇ ॥। ਕਿਸਮਤ ਸੋਈ,
ਮੈਂ ਆਵਾਂ ਜਾਵਾਂ ਤੇਰੇ ਕਰਕੇ,,,
ਮੇਰਾ ਕੰਮ ਨੀ ਪਹਾੜਾਂ,,,,,,,,,,,,,,,,,,,,F

ਠੰਡਾ ਤੇਰਾ ਦੇਸ਼ ਮਾਂਏਂ, ਠੰਡ ਵਰਤਾਂਵਦਾ ।
ਓ ਭੁੱਲਿਆਂ ਨੂੰ ਏਹ ਤਾਂ ਮਾਂਏਂ, ਸਿੱਧੇ ਰਹੇ ਪਾਂਵਦਾ ॥
ਜੇਹੜਾ ਆਂਵਦਾ ਹੈ ॥। ਪਾਂਵਦਾ ਹੈ ਸੋਈ,
ਮੈਂ ਆਵਾਂ ਜਾਵਾਂ ਤੇਰੇ ਕਰਕੇ,,,
ਮੇਰਾ ਕੰਮ ਨੀ ਪਹਾੜਾਂ,,,,,,,,,,,,,,,,,,,,F

ਉੱਚਿਆਂ ਪਹਾੜਾਂ ਵਿੱਚ, ਉੱਚੀ ਸੁੱਚੀ ਮਾਈ ਏ ।
ਗੁਫ਼ਾ ਵਾਲੀ ਰਾਣੀ ਸਾਰੀ, ਖ਼ੇਡ ਰਚਾਈ ਏ ॥
ਮਿਲੇ ਦਰਸ਼ੀ ਨੂੰ ॥। ਤੇਰੇ ਦਰ ਢੋਈ,
ਮੈਂ ਆਵਾਂ ਜਾਵਾਂ ਤੇਰੇ ਕਰਕੇ,,,
ਮੇਰਾ ਕੰਮ ਨੀ ਪਹਾੜਾਂ,,,,,,,,,,,,,,,,,,,,F

ਅਪਲੋਡਰ- ਅਨਿਲਰਾਮੂਰਤੀਭੋਪਾਲ

https://alltvads.com/bhajan/lyrics/id/24996/title/main-aava-jaavan-tere-karke

अपने Android मोबाइल पर BhajanGanga App डाउनलोड करें और भजनों का आनंद ले |